BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਟ੍ਰਾਂਜ਼ਿਟ 21 ਮਾਰਚ ਅਤੇ 23 ਮਾਰਚ ਤੋਂ ਪ੍ਰਭਾਵੀ, ਬੱਸਾਂ ਦੇ ਮੁਫ਼ਤ ਕਿਰਾਏ, ਪਿਛਲੇ ਦਰਵਾਜੇ ਤੋਂ ਚੜ੍ਹਨ, ਅੱਧੀਆਂ ਸੀਟਾਂ ਤੇ ਹੀ ਸਵਾਰੀਆਂ ਲੈਣ ਜਿਹੀਆਂ ਤਬਦੀਲੀਆਂ ਕਰੇਗਾ

ਬ੍ਰੈਂਪਟਨ, ਓਨਟੈਰੀਓ (20 ਮਾਰਚ, 2020) – ਅੱਜ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਨੇ ਘੋਸ਼ਣਾ ਕੀਤੀ ਕਿ ਸ਼ਨੀਵਾਰ, 21 ਮਾਰਚ ਤੋਂ ਸ਼ੁਰੂ ਕਰਦੇ ਹੋਏ, ਕਿਰਾਏ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ। COVID-19 (ਸੀ.ਓ.ਵੀ.ਆਈ.ਡੀ.-19) ਦੀ ਪ੍ਰਤੀਕਿਰਿਆ ਵਿੱਚ ਅਗਲੇ ਨੋਟਿਸ ਤੱਕ, ਸਵਾਰੀਆਂ ਸਿਰਫ਼ ਪਿਛਲੇ ਦਰਵਾਜਿਆਂ ਤੋਂ ਹੀ ਬੱਸਾਂ ਵਿੱਚ ਚੜ੍ਹ ਸਕਣਗੀਆਂ। ਜਿਹੜੀਆਂ ਅਪਾਹਜਪੁਣਿਆਂ ਵਾਲੀਆਂ ਸਵਾਰੀਆਂ ਨੂੰ ਰੈਂਪ ਵਰਤਣ ਦੀ ਲੋੜ ਹੋਵੇ, ਉਹ ਅਗਲੇ ਦਰਵਾਜਿਆਂ ਤੋਂ ਚੜ੍ਹ ਸਕਦੀਆਂ ਹਨ।

ਸੋਮਵਾਰ, 23 ਮਾਰਚ ਤੋਂ ਸ਼ੁਰੂ ਕਰਦੇ ਹੋਏ ਅਤੇ ਅਗਲੇ ਨੋਟਿਸ ਤੱਕ, ਹੇਠਾਂ ਦਿੱਤੀਆਂ ਤਬਦੀਲੀਆਂ ਵੀ ਪ੍ਰਭਾਵੀ ਰਹਿਣਗੀਆਂ:

- ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸ਼ਨੀਵਾਰ ਵਾਲੀ ਵਧੀ ਹੋਈ ਸੇਵਾ। ਇਸ ਬਾਰੇ ਵੇਰਵੇ ਇੱਥੇ (here) ਦੇਖੇ ਜਾ ਸਕਦੇ ਹਨ।
- ਸ਼ਨੀਵਾਰ ਅਤੇ ਐਤਵਾਰ ਵਾਲੀ ਸੇਵਾ ਆਪਣੇ ਨਿਯਮਿਤ ਸਮੇਂ ਤੇ ਜਾਰੀ ਰਹੇਗੀ।
- ਬ੍ਰੈਂਪਟਨ ਟ੍ਰਾਂਜ਼ਿਟ ਦੇ, 185 ਕਲਾਰਕ ਬੁਲੇਵਾਰਡ (185 Clark Boulevard) ਅਤੇ 130 ਸੈਂਡਲਵੁੱਡ ਪਾਰਕਵੇ ਵੈਸਟ (130 Sandalwood Parkway West) ਵਿਖੇ ਸਥਿਤ ਐਡਮਿਨਿਸਟ੍ਰੇਟਿਵ ਆਫਿਸ, ਜਨਤਾ ਲਈ ਬੰਦ ਰਹਿਣਗੇ। ਇਸ ਵੇਲੇ ਕਿਰਾਏ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ। ਬ੍ਰੈਂਪਟਨ ਟ੍ਰਾਂਜ਼ਿਟ ਵੱਲੋਂ ਜਾਰੀ ਕੀਤੇ ਜਾਣ ਵਾਲੇ ਸੀਨੀਅਰ ਆਈ.ਡੀ. (Senior ID) ਕਾਰਡਾਂ, ਵੈਟਰਨਸ (Veterans) ਕਾਰਡਾਂ ਅਤੇ PRESTO ਕਾਰਡਾਂ ਦੀ ਵਿਕਰੀ ਸਥਗਿਤ ਕਰ ਦਿੱਤੀ ਗਈ ਹੈ। ਗੁਆਚੇ ਅਤੇ ਲੱਭੇ ਸਮਾਨ ਸਬੰਧੀ ਪੁੱਛਗਿੱਛ ਲਈ, ਸਵਾਰੀਆਂ 905.874.2750 ਐਕਸਟੈਂਸ਼ਨ 62732 ਤੇ ਫੋਨ ਕਰ ਸਕਦੀਆਂ ਹਨ।

ਭਾਈਚਾਰੇ ਵਿੱਚ COVID-19 ਦੇ ਸੰਚਾਰਨ ਨੂੰ ਘੱਟ ਕਰਨ ਲਈ, ਬ੍ਰੈਂਪਟਨ ਟ੍ਰਾਂਜ਼ਿਟ 23 ਮਾਰਚ ਤੋਂ ਬਾਅਦ ਇਹ ਵੀ ਲਾਗੂ ਕਰੇਗੀ:

- ਸਮਾਜਿਕ ਦੂਰੀ ਜਿਹੇ ਉਪਾਵਾਂ ਦਾ ਸਮਰਥਨ ਕਰਨ ਲਈ ਬੱਸਾਂ ਵਿੱਚ ਅੱਧੀਆਂ ਸੀਟਾਂ ਤੇ ਹੀ ਸਵਾਰੀਆਂ ਲਈਆਂ ਜਾਣਗੀਆਂ। ਇਸਦਾ ਮਤਲਬ ਹੈ ਕਿ ਜਦੋਂ ਬੱਸਾਂ ਦੀਆਂ ਅੱਧੀਆਂ ਸੀਟਾਂ ਭਰ ਜਾਣਗੀਆਂ, ਤਾਂ ਬੱਸ ਸਟੌਪ ਤੋਂ ਅੱਗੇ ਚਲੀ ਜਾਵੇਗੀ। ਇਸ ਨਾਲ ਕੁਝ ਸਵਾਰੀਆਂ ਬੱਸ ਵਿੱਚ ਚੜ੍ਹਨੋਂ ਰਹਿ ਸਕਦੀਆਂ ਹਨ। ਬਾਕੀ ਸਵਾਰੀਆਂ ਨੂੰ ਲੈਣ ਲਈ ਹੋਰ ਬੱਸਾਂ ਲਗਾਉਣ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ।
- ਵੱਧ ਰੁੱਝੇ ਹੋਏ ਰੂਟਾਂ ਤੇ, ਆਰਟੀਕੁਲੇਟਿਡ (ਵੱਖਰੇ ਹਿੱਸਿਆਂ ਵਾਲੀਆਂ) ਬੱਸਾਂ ਦੀ ਵਰਤੋਂ ਕੀਤੀ ਜਾਵੇਗੀ, ਤਾਂ ਜੋ ਯਾਤਰੀਆਂ ਦੇ ਵਿੱਚ ਸਮਾਜਿਕ ਦੂਰੀ ਨੂੰ ਕਾਇਮ ਰੱਖਣ ਲਈ ਸਹਾਇਤਾ ਕੀਤੀ ਜਾਵੇ। ਇਸਦਾ ਮਤਲਬ ਹੈ ਕਿ ਨਿਯਮਿਤ ਰੂਟਾਂ ਤੇ, ਜ਼ੂਮ (Züm) ਆਰਟੀਕੁਲੇਟਿਡ ਬੱਸਾਂ ਦੇਖੀਆਂ ਜਾ ਸਕਦੀਆਂ ਹਨ। ਕਿਰਪਾ ਕਰਕੇ ਬੱਸਾਂ ਤੇ ਦਿੱਤੇ ਟਿਕਾਣੇ ਸਬੰਧੀ ਸੰਕੇਤਾਂ ਤੇ ਪੂਰਾ ਧਿਆਨ ਦਿਓ।
- ਬੱਸ ਵਿੱਚ ਕਰਮਚਾਰੀਆਂ ਸਮੇਤ, ਹਰ ਕਿਸੇ ਵਿਚਕਾਰ ਉਚਿਤ ਦੂਰੀ ਨੂੰ ਯਕੀਨੀ ਬਣਾਉਣ ਲਈ, ਸੀਟਾਂ ਨੂੰ ਪੀਲੀ ਟੇਪ ਨਾਲ ਬਲੌਕ ਕੀਤਾ ਜਾਵੇਗਾ। ਸਵਾਰੀਆਂ ਨੂੰ ਇਹਨਾਂ ਸੀਟਾਂ ਤੇ ਨਾ ਬੈਠਣ ਦੀ ਬੇਨਤੀ ਕੀਤੀ ਜਾਂਦੀ ਹੈ।

ਬ੍ਰੈਂਪਟਨ ਟ੍ਰਾਂਜ਼ਿਟ ਦੇ ਟਰਮੀਨਲ ਅਤੇ ਇਸਦਾ ਸੰਪਰਕ ਕੇਂਦਰ, ਸੰਚਾਲਨ ਦੇ ਨਿਯਮਿਤ ਘੰਟੇ ਕਾਇਮ ਰੱਖਣਗੇ। ਸੰਚਾਲਨ ਦੇ ਘੰਟਿਆਂ ਵਿੱਚ ਕਿਸੇ ਵੀ ਤਬਦੀਲੀ ਬਾਰੇ bramptontransit.com ਤੇ ਦੱਸਿਆ ਜਾਵੇਗਾ।

ਵੱਧ ਵਾਰ ਸਫਾਈ ਅਤੇ ਰੋਗਾਣੂ ਮੁਕਤ ਕਰਨ ਦੀ ਸਮਾਂ ਸਾਰਨੀ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗੀ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ,

ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾਵੇਗਾ ਅਤੇ ਰੋਗਾਣੂ ਮੁਕਤ ਕੀਤਾ ਜਾਵੇਗਾ। ਸਵਾਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਫ਼ਰ ਕਰਦੇ ਸਮੇਂ ਹੈਂਡ ਸੈਨੀਟਾਈਜ਼ਰ, ਵਾਈਪਸ ਜਿਹੇ ਆਪਣੇ ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ ਅਤੇ ਵਾਰ-ਵਾਰ ਆਪਣੇ ਹੱਥ ਧੋਣ।

ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ (Peel Public Health) ਅਤੇ ਬ੍ਰੈਂਪਟਨ ਐਮਰਜੈਂਸੀ ਮੇਜਰਸ ਆਫਿਸ (Brampton Emergency Measures Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ।

## ਹਵਾਲੇ

"ਇਸ ਖਾਸ ਸਮੇਂ ਦੇ ਦੌਰਾਨ ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਬ੍ਰੈਂਪਟਨ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ। ਇਸ ਕਰਕੇ ਅਸੀਂ ਬੱਸਾਂ ਦਾ ਮੁਫ਼ਤ ਕਿਰਾਇਆ, ਪਿਛਲੇ ਦਰਵਾਜੇ ਤੋਂ ਚੜ੍ਹਨ ਅਤੇ ਅੱਧੀਆਂ ਸੀਟਾਂ ਤੇ ਹੀ ਸਵਾਰੀਆਂ ਲੈਣ ਜਿਹੀਆਂ ਤਬਦੀਲੀਆਂ ਕਰ ਰਹੇ ਹਾਂ। ਬ੍ਰੈਂਪਟਨ ਟ੍ਰਾਂਜ਼ਿਟ ਇੱਕ ਮਹੱਤਵਪੂਰਣ ਸੇਵਾ ਹੈ, ਜੋ ਜ਼ਰੂਰੀ ਲੋੜਾਂ ਤੱਕ ਪਹੁੰਚ ਵਿੱਚ ਕਈ ਨਿਵਾਸੀਆਂ ਦੀ ਮਦਦ ਕਰਦੀ ਹੈ। ਅਸੀਂ ਇਸ ਪਹੁੰਚਯੋਗਤਾ ਦੇ ਪ੍ਰਤੀ ਸਮਰਪਿਤ ਹਾਂ। ਆਪਣੇ ਸਟੇਕਹੋਲਡਰਾਂ ਦੇ ਨਾਲ ਮਿਲ ਕੇ, ਅਸੀਂ COVID-19 ਦੇ ਅਸਰ ਨੂੰ ਘੱਟ ਕਰਨ ਲਈ ਵਚਨਬੱਧ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਬ੍ਰੈਂਪਟਨ ਦੇ ਨਿਵਾਸੀਆਂ ਲਈ ਸੁਰੱਖਿਅਤ ਟ੍ਰਾਂਜ਼ਿਟ ਮੌਕੇ ਮੁਹੱਈਆ ਕਰਨ ਲਈ ਵਚਨਬੱਧ ਹੈ। ਅਸੀਂ ਸਾਡੇ ਟ੍ਰਾਂਜ਼ਿਟ ਓਪਰੇਟਰਾਂ ਦੀ ਲਗਾਤਾਰ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਾਂ। ਸਾਡੀਆਂ ਸੇਵਾਵਾਂ ਨੂੰ ਕਾਇਮ ਰੱਖਣ ਲਈ, ਅੱਜ ਦੀ ਘੋਸ਼ਣਾ ਯਕੀਨੀ ਬਣਾਉਂਦੀ ਹੈ ਕਿ ਇਸ ਚੁਣੌਤੀਪੂਰਣ ਸਮੇਂ ਦੇ ਦੌਰਾਨ ਅਸੀਂ ਸੁਰੱਖਿਆ ਤੇ ਲਗਾਤਾਰ ਪੂਰੀ ਤਰ੍ਹਾਂ ਧਿਆਨ ਦੇ ਰਹੇ ਹਾਂ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca